| English | Punjabi |
|---|---|
| | |
| **Welcome** to **Refugee Status Seekers** | **ਸ਼ਰਣਾਰਥੀ ਸਥਿਤੀ ਲੱਭਣ ਵਾਲਿਆਂ ਦਾ ਸੁਆਗਤ ਹੈ** |
| Public Health Screening Clinic | ਜਨਤੱਕ ਸੇਹਤ ਜਾਂਚ ਕਲੀਨਿਕ |
| Auckland Regional Public Health Service | ਔਕਲੈਂਡ ਖ਼ੇਤਰੀ ਜਨਤੱਕ ਸੇਹਤ ਸੇਵਾ |
| ***Welcome** to the*<br>***Refugee Status Seekers***<br>***Public Health Screening Clinic*** | **ਸ਼ਰਣਾਰਥੀ ਸਥਿਤੀ ਲੱਭਣ ਵਾਲਿਆਂ**<br>**ਦਾ ਸੁਆਗਤ ਹੈ**<br>**ਜਨਤੱਕ ਸੇਹਤ ਜਾਂਚ ਕਲੀਨਿਕ** |
| The clinic is staffed by doctors and nursing staff who will carry out *health screening and refer you as required to other appropriate health services.* | ਕਲੀਨਿਕ ਵਿੱਚ ਡਾਕਟਰਾਂ ਅਤੇ ਨਰਸਾਂ ਦਾ ਸਟਾਫ਼ ਹੈ ਜੋ *ਸੇਹਤ ਜਾਂਚਾਂ ਕਰਾਂਗੇ ਅਤੇ ਤੁਹਾਨੂੰ ਲੋੜ ਮੁਤਾਬਕ ਦੂਜੀ ਉਚਿਤ ਸੇਹਤ ਸੇਵਾਵਾਂ ਦਾ ਹਵਾਲਾ ਦੇਣਗੇ।* |
| The Clinic is **by appointment only**. Appointments are on Tuesday and Friday mornings. | ਕਲੀਨਿਕ ਵਿੱਚ **ਸਿਰਫ਼ ਮੁਲਾਕਾਤ ਦੌਰਾਨ** ਜਾਇਆ ਜਾ ਸਕਦਾ ਹੈ। ਮੁਲਾਕਾਤਾਂ ਮੰਗਲਵਾਰ ਅਤੇ ਸ਼ੁਕਰਵਾਰ ਸਵੇਰੇ ਹੁੰਦੀਆਂ ਹਨ। |
| **To arrange or change your appointment, please telephone 276-6719 and ask to speak to the refugee health clerk.** | **ਮੁਲਾਕਾਤ ਦੀ ਵਿਵਸਥਾ ਕਰਨ ਲਈ ਜਾਂ ਬਦਲਣ ਲਈ, ਕਿਰਪਾ ਕਰਕੇ 276–6719 ਤੇ ਟੇਲਿਫ਼ੋਨ ਕਰੋ ਅਤੇ ਸ਼ਰਣਾਰਥੀ ਸੇਹਤ ਕਲਰਕ ਨਾਲ ਗੱਲ ਕਰਨ ਲਈ ਆਖੋ।** |
| Health Tests | ਸੇਹਤ ਜਾਂਚਾਂ |
| Several tests are taken to check your health. If there are any problems you will be treated at the Clinic or at a Hospital. Some treatment may continue after you have left the Clinic. | ਤੁਹਾਡੀ ਸੇਹਤ ਦੀ ਜਾਂਚ ਕਰਨ ਲਈ ਕਈ ਜਾਂਚਾਂ ਕੀਤੀ ਜਾਂਦੀ ਹਨ। ਜੇਕਰ ਕੋਈ ਔਖਣ ਹੁੰਦੀ ਹੈ ਤੇ ਕਲੀਨਿਕ ਜਾਂ ਹਸਪਤਾਲ ਵਿੱਖੇ ਤੁਹਾਡਾ ਇਲਾਜ ਕੀਤਾ ਜਾਂਦਾ ਹੈ। ਕੁਝ ਇਲਾਜ ਤੁਹਾਡੇ ਕਲੀਨਿਕ ਛੱਡਣ ਤੋਂ ਬਾਦ ਵੀ ਜਾਰੀ ਰਹਿ ਸਕਦੇ ਹਨ। |
| *If you:* | *ਜੇਕਰ:* |
| have any health concerns, | ਤੁਹਾਨੂੰ ਕੋਈ ਸੇਹਤ ਸੰਬੰਧੀ ਚਿੰਤਾ ਹੈ, |
| take any medicine, | ਤੁਸੀ ਕੋਈ ਵੀ ਦਵਾਈ ਲੈਂਦੇ ਹੋ, |
| suffer from any illness or disease, | ਤੁਸੀ ਕਿਸੇ ਵੀ ਕਮਜ਼ੋਰੀ ਜਾਂ ਬਿਮਾਰੀ ਤੋਂ ਪੀੜਤ ਹੋ, |
| have any, medical records or X-rays with you, | ਤੁਹਾਡੇ ਕੋਲ ਕੋਈ ਮੈਡੀਕਲ ਰਿਕਾਰਡ ਜਾਂ ਐਕਸ-ਰੇ ਹੈ, |
| are a woman who thinks she is or may be pregnant, | ਤੁਸੀ ਅਜਿਹੀ ਜਨਾਨੀ ਹੋ ਜੋ ਸੋਚਦੀ ਹੈ ਕਿ ਉਹ ਗਰਭਵਤੀ ਹੈ ਜਾਂ ਹੋ ਸਕਦੀ ਹੈ, ਅਜਿਹੀ |
| *please tell the doctor when you arrive at the clinic.* | *ਕਿਰਪਾ ਕਰਕੇ ਡਾਕਟਰ ਨੂੰ ਦੱਸ ਦਿਓ ਕਿ ਤੁਸੀ ਕਲੀਨਿਕ ਕਦੋਂ ਆਓਗੇ।* |
| The Health Check<br>*consists of several tests* | **ਸੇਹਤ ਜਾਂਚ ਵਿੱਚ**<br>*ਕਈ ਜਾਂਚਾਂ ਸ਼ਾਮਲ ਹਨ* |
| **Physical examination** | **ਸ਼ਰੀਰਕ ਜਾਂਚ** |
| **Blood Test:** | **ਖ਼ੂਨ ਜਾਂਚ:** |
| A small amount of blood is taken to check for infections and other disease. Blood is taken only once. | ਛੂਤ ਅਤੇ ਦੂਜੀ ਬਿਮਾਰੀਆਂ ਦੀ ਜਾਂਚ ਕਰਨ ਲਈ ਮਾੜਾ ਜਿਹਾ ਖ਼ੂਨ ਕੱਢਿਆ ਜਾਂਦਾ ਹੈ। ਖ਼ੂਨ ਸਿਰਫ਼ ਇੱਕ ਵਾਰ ਕੱਢਿਆ ਜਾਂਦਾ ਹੈ। |
| **Urine Test:** | **ਮੂਤੱਰ (ਪੇਸ਼ਾਬ) ਜਾਂਚ:** |
| Urine is tested for infections, parasites and other diseases. The test is only done once. | ਮੂਤੱਰ (ਪੇਸ਼ਾਬ) ਦੀ ਜਾਂਚ ਛੂਤ, ਪਰਜੀਵੀ ਅਤੇ ਦੂਜੀ ਬਿਮਾਰੀਆਂ ਲਈ ਕੀਤੀ ਜਾਂਦੀ ਹੈ। ਇਹ ਜਾਂਚ ਸਿਰਫ਼ ਇੱਕ ਵਾਰ ਕੀਤੀ ਜਾਂਦੀ ਹੈ। |
| **Faeces (Stool) Test:** | **ਟੱਟੀ (ਮਲ) ਜਾਂਚ:** |

| | |
|---|---|
| Faeces are tested for worms and infection. One sample each day for three days. Sometimes a fourth sample is necessary. The Clinic Doctor will provide details of how to collect urine and faeces in the specimen container. | ਟੱਟੀ ਦੀ ਜਾਂਚ ਕੀੜਿਆਂ ਅਤੇ ਸੰਕ੍ਰਮਣ ਲਈ ਕੀਤੀ ਜਾਂਦੀ ਹੈ। ਤਿੰਨ ਦਿਨਾਂ ਤੱਕ ਹਰ ਰੋਜ ਇੱਕ ਨਮੂਨਾ। ਕਈ ਵਾਰ ਚੌਥਾ ਨਮੂਨਾ ਜਰੂਰੀ ਹੁੰਦਾ ਹੈ। ਕਲੀਨਿਕ ਡਾਕਟਰ ਵੇਰਵਾ ਦੱਸੇਗਾ ਕਿ ਸਪੇਸੀਮੇਨ ਕੰਟੇਨਰ ਵਿੱਚ ਮੁਤੱਰ (ਪੇਸ਼ਾਬ) ਅਤੇ ਟੱਟੀ ਕਿਵੇਂ ਪਾਉਣੀ ਹੈ। |
| **TB Test:** | **ਟੀਬੀ ਜਾਂਚ:** |
| A small injection is given under the skin in your right forearm-this will show if you have been exposed to/or have TB. You will need to get this done three days before your clinic appointment, at a Diagnostic Medlab centre. When you come to the clinic, the doctor will read the results of your skin test. This test is safe for women, babies and children and in pregnancy. | ਤੁਹਾਡੀ ਸੱਜੀ ਬਾਂਹ ਦੇ ਅਗਲੇ ਭਾਗ ਵਿੱਚ ਤਵੱਚਾ ਵਿੱਚਕਾਰ ਇੱਕ ਛੋਟਾ ਜਿਹਾ ਟੀਕਾ ਲੱਗਾਇਆ ਜਾਵੇਗਾ – ਇਹ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਟੀਬੀ ਹੈ ਜਾਂ ਨਹੀਂ। ਤੁਹਾਨੂੰ ਇਹ ਡਾਅਗਨੋਸਟਿਕ ਮੇਡਲੈਬ ਸੇਂਟਰ ਵਿੱਖੇ ਆਪਣੀ ਕਲੀਨਿਕ ਮੁਲਾਕਾਤ ਤੋਂ ਤਿੰਨ ਦਿਨ ਪਹਿਲਾਂ ਕਰਾਉਣ ਦੀ ਲੋੜ ਹੋਵੇਗੀ। ਜਦੋਂ ਤੁਸੀ ਕਲੀਨਿਕ ਵਿੱਚ ਆਓਗੇ, ਡਾਕਟਰ ਤੁਹਾਡੀ ਤਵੱਚਾ ਦੀ ਜਾਂਚ ਦੇ ਨਤੀਜੇ ਪੜੇਗਾ। ਇਹ ਜਾਂਚ ਜਨਾਨੀ, ਨਵਜਨਮੇ ਅਤੇ ਬੱਚਿਆਂ ਅਤੇ ਗਰਭਵਤੀ ਜਨਾਨੀਆਂ ਲਈ ਸੁਰੱਖਿਅਤ ਹੈ। |
| **Chest X-ray:** | **ਛਾਤੀ ਦਾ ਐਕਸ-ਰੇ:** |
| (To check for TB) is taken at the Clinic. This is for everyone 12 years and over-except for any woman who is pregnant. | (ਟੀਬੀ ਦਾ ਜਾਂਚ ਲਈ) ਕਲੀਨਿਕ ਵਿੱਖੇ ਕੀਤਾ ਜਾਂਦਾ ਹੈ। ਇਹ ਕਿਸੇ ਗਰਭਵਤੀ ਜਨਾਨੀ ਤੋਂ ਅਲਾਵਾ 12 ਅਤੇ ਵੱਧ ਵਰ੍ਹੇ ਦੀ ਉਮਰ ਵਾਲੇ ਹਰ ਇੱਕ ਬੰਦੇ ਲਈ ਹੈ। |
| Examinations | ਜਾਂਚਾਂ |
| It is important for your health that you come for the medical screening and complete the blood, urine and faeces tests. | ਇਹ ਤੁਹਾਡੀ ਸਿਹਤ ਲਈ ਮਹੱਤਵਪੂਰਨ ਹੈ ਕਿ ਤੁਸੀ ਮੈਡੀਕਲ ਜਾਂਚ ਲਈ ਆਓ ਅਤੇ ਖ਼ੂਨ, ਮੁਤੱਰ ਅਤੇ ਟੱਟੀ ਦੀ ਜਾਂਚਾਂ ਪੂਰੀ ਕਰੋ। |
| Medical Information | ਮੈਡੀਕਲ ਜਾਣਕਾਰੀ |
| All medical information is confidential between you and the Clinic Doctor. Referrals are only made with your agreement. | ਸਾਰੀ ਮੈਡੀਕਲ ਜਾਣਕਾਰੀ ਤੁਹਾਡੇ ਅਤੇ ਤੁਹਾਡੇ ਕਲੀਨਿਕ ਡਾਕਟਰ ਵਿੱਚਕਾਰ ਗੁਪਤ ਰਹੇਗੀ। ਸਿਰਫ਼ ਤੁਹਾਡੇ ਅਨੁਬੰਧ ਦਾ ਹਵਾਲਾ ਦਿੱਤਾ ਜਾਵੇਗਾ। |
| Further Medical Care | ਹੋਰ ਮੈਡੀਕਲ ਦੇਖਭਾਲ |
| It is important that you register with a Family Doctor as soon as you settle into your new area, so that you are included in the New Zealand health care system. | ਇਹ ਮਹੱਤਵਪੂਰਨ ਹੈ ਕਿ ਤੁਸੀ ਆਪਣੇ ਨਵੇਂ ਖ਼ੇਤਰ ਵਿੱਚ ਵੱਸਦੇ ਹੀ ਕਿਸੇ ਪਰਿਵਾਰਕ ਡਾਕਟਰ ਕੋਲ ਪੰਜੀਕਰਣ ਕਰਵਾ ਲਵੋ, ਤਾਂ ਜੋ ਤੁਸੀ ਨਿਉਂਜ਼ੀਲੈਂਡ ਸੇਹਤ ਦੇਖਭਾਲ ਸਿਸਟਮ ਵਿੱਚ ਸ਼ਾਮਲ ਹੋ ਸਕੋ। |
| The Clinic Doctor will give you your personal medical records-you should take these to a family doctor that you choose. | ਕਲੀਨਿਕ ਡਾਕਟਰ ਤੁਹਾਨੂੰ ਤੁਹਾਡੇ ਨਿਜੀ ਮੈਡੀਕਲ ਰਿਕਾਰਡ ਦੇ ਦੇਵੇਗਾ–ਤੁਹਾਨੂੰ ਇਹ ਆਪਣੇ ਪਰੀਵਾਰਕ ਡਾਕਟਰ, ਜੋ ਤੁਸੀ ਚੁਣਦੇ ਹੋ, ਕੋਲ ਲੈ ਜਾਣੇ ਪਵਾਂਗੇ। |
| Please take care of your medical records-it is an important document that contains your personal medical details. | ਕਿਰਪਾ ਕਰਕੇ ਆਪਣੇ ਮੈਡੀਕਲ ਰਿਕਾਰਡਾਂ ਦਾ ਧਿਆਨ ਰੱਖੋ-ਇਹ ਇੱਕ ਮਹੱਤਵਪੂਰਨ ਦਸਤਾਵੇਜ਼ ਹੈ ਜਿਸ ਵਿੱਚ ਤੁਹਾਡਾ ਨਿਜੀ ਮੈਡੀਕਲ ਵੇਰਵਾ ਸ਼ਾਮਲ ਹੈ। |
| The Clinic Doctor may refer you to hospital for further treatment. We will give the hospital your new address and they will send you the time and date of your Hospital Clinic appointment. | ਕਲੀਨਿਕ ਡਾਕਟਰ ਤੁਹਾਨੂੰ ਹੋਰ ਇਲਾਜ ਲਈ ਹਸਪਤਾਲ ਦਾ ਸੰਦਰਭ ਦੇ ਸਕਦਾ ਹੈ। ਅਸੀ ਹਸਪਤਾਲ ਨੂੰ ਤੁਹਾਡਾ ਨਵਾਂ ਪਤਾ ਦਿਆਂਗੇ ਅਤੇ ਉਹ ਤੁਹਾਨੂੰ ਹਸਪਤਾਲ ਕਲੀਨਿਕ ਮੁਲਾਕਾਤ ਦਾ ਸਮਾਂ ਅਤੇ ਮਿਤੀ ਭੇਜ ਦਿਆਂਗੇ। |
| It is your responsibility to attend any | ਕਿਸੇ ਵੀ ਮੁਲਾਕਾਤ ਵਿੱਚ ਸ਼ਾਮਲ ਹੋਣਾ ਤੁਹਾਡੀ ਜ਼ਿੰਮੇਵਾਰੀ |

| | |
|---|---|
| appointment. | ਹੈ। |
| Please remember that there will be a long waiting list (unless the problem is urgent) and you may have to wait several months to be seen-the hospital will tell you this. | ਕਿਰਪਾ ਕਰਕੇ ਚੇਤੇ ਰੱਖੋ ਕਿ ਇੱਥੇ ਲੰਮੀ ਇੰਤਜ਼ਾਰ ਸੂਚੀ ਹੋਵੇਗੀ (ਜਦ ਤੱਕ ਔਖਣ ਤਾਕੀਦੀ ਨਾ ਹੋਵੇ) ਅਤੇ ਤੁਹਾਨੂੰ ਵਿਖਾਉਣ ਲਈ ਕਈ ਮਹੀਨਿਆਂ ਤੱਕ ਉਡੀਕਣਾ ਪੈ ਸਕਦਾ ਹੈ - ਹਸਪਤਾਲ ਤੁਹਾਨੂੰ ਇਸ ਬਾਰੇ ਦੱਸ ਦੇਵੇਗਾ। |
| Working with the people of Auckland, Counties Manukau and Waitemata | ਆੱਕਲੈਂਡ, ਕਾਉਂਟੀਆਂ ਮਾਨੂੰਕਾਓ ਅਤੇ ਵੇਟਮੈਟਾ ਦੇ ਲੋਕਾਂ ਨਾਲ ਕੰਮ ਕਰ ਰਿਹਾ ਹੈ |